Punjabi

# ਲੋਕਲ ਹਾਊਸਿੰਗ ਅਲਾਊਂਸ ਸਬੰਧੀ ਇਕ ਗਾਈਡ

**(A guide to Local Housing Allowance)**

ਇਸ ਲੀਫਲੈਟ ਵਿਚ ਤੁਹਾਨੂੰ ਮਿਲ ਸਕਣ ਵਾਲੇ ਅਧਿਕਤਮ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਦੇ ਨਵੇਂ ਢੰਗ ਬਾਰੇ ਦੱਸਿਆ ਗਿਆ ਹੈ। ਇਸ ਨਵੇਂ ਢੰਗ ਨੂੰ ਲੋਕਲ ਹਾਊਸਿੰਗ ਅਲਾਊਂਸ ਕਿਹਾ ਜਾਂਦਾ ਹੈ। ਇਹ 7 ਅਪ੍ਰੈਲ 2008 ਤੋਂ ਲਾਗੂ ਹੋ ਜਾਵੇਗਾ ਅਤੇ ਤੁਸੀਂ ਚਾਹੇ ਕਿਸੇ ਵੀ ਇਲਾਕੇ ਵਿਚ ਰਹਿੰਦੇ ਹੋਵੋ ਇਹ ਹਰ ਥਾਂ ਇਕੋ ਜਿਹਾ ਹੀ ਹੋਵੇਗਾ। ਜੇ ਤੁਹਾਨੂੰ ਪਤਾ ਨਹੀਂ ਕਿ ਤੁਹਾਡਾ ਇਲਾਕਾ ਕਿਸ ਕੌਂਸਲ ਹੇਠ ਆਉਂਦਾ ਹੈ ਤਾਂ ਤੁਸੀਂ ਇਸਦਾ ਪਤਾ ਆਪਣੇ ਕੌਂਸਲ ਟੈਕਸ ਬਿੱਲ ਤੋਂ ਲਗਾ ਸਕਦੇ ਹੋ।

ਸੁਧਾਈ 6 ਅਪ੍ਰੈਲ 2009

**ਹਾਊਸਿੰਗ ਬੈਨੀਫਿਟ ਕੀ ਹੁੰਦਾ ਹੈ?**

ਘੱਟ ਆਮਦਨ ਅਤੇ ਘੱਟ ਬੱਚਤਾਂ ਵਾਲੇ ਲੋਕਾਂ ਨੂੰ ਆਪਣੇ ਕਿਰਾਏ ਦਾ ਭੁਗਤਾਨ ਕਰ ਸਕਣ ਵਾਸਤੇ ਦਿੱਤੀ ਜਾਂਦੀ ਮੱਦਦ ਨੂੰ ਹਾਊਸਿੰਗ ਬੈਨੀਫਿਟ ਕਿਹਾ ਜਾਂਦਾ ਹੈ। ਇਹ ਤੁਹਾਡੀ ਆਮਦਨ, ਬੱਚਤਾਂ ਅਤੇ ਤੁਹਾਡੇ ਨਾਲ ਰਹਿਣ ਵਾਲੇ ਲੋਕਾਂ ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ। ਇਸ ਹਿਸਾਬ ਕਿਤਾਬ ਅਧੀਨ ਬੈਨੀਫਿਟ ਦੀ ਇਕ ਅਧਿਕਤਮ ਰਕਮ ਨਿਸ਼ਚਤ ਹੁੰਦੀ ਹੈ ਜੋ ਤੁਹਾਨੂੰ ਮਿਲ ਸਕਦੀ ਹੈ।

**ਲੋਕਲ ਹਾਊਸਿੰਗ ਅਲਾਊਂਸ ਕੀ ਹੁੰਦਾ ਹੈ?**

ਤੁਹਾਨੂੰ ਮਿਲ ਸਕਣ ਵਾਲੇ ਅਧਿਕਤਮ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਦੇ ਨਵੇਂ ਤਰੀਕੇ ਨੂੰ ਲੋਕਲ ਹਾਊਸਿੰਗ ਅਲਾਊਂਸ (ਐਲ.ਐਚ.ਏ.) ਕਿਹਾ ਜਾਂਦਾ ਹੈ। ਫਿਰ ਵੀ ਤੁਹਾਨੂੰ ਮਿਲ ਸਕਣ ਵਾਲੀ ਰਕਮ ਤੁਹਾਡੀ ਆਮਦਨ ਅਤੇ ਬੱਚਤਾਂ ਤੇ ਹੀ ਨਿਰਭਰ ਹੋਵੇਗੀ। ਸਿਰਫ ਤੁਹਾਨੂੰ  ਮਿਲ ਸਕਣ ਵਾਲੇ ਅਧਿਕਤਮ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਾਉਣ ਵਾਲੇ ਤਰੀਕੇ ਵਿਚ ਹੀ ਤਬਦੀਲੀ ਆ ਰਹੀ ਹੈ। ਅਸੀਂ ਐਲ.ਐਚ.ਏ. ਦੇ ਲੈਵਲ ਆਪਣੀ ਵੈਬਸਾਈਟ ਤੇ ਪ੍ਰਕਾਸ਼ਤ ਕਰਾਂਗੇ।

**ਐਲ.ਐਚ.ਏ. ਕਿਸ ਉਤੇ ਲਾਗੂ ਹੋਵੇਗਾ?**

7 ਅਪ੍ਰੈਲ 2008 ਤੋਂ ਸ਼ੁਰੂ ਹੋ ਕੇ ਹਾਊਸਿੰਗ ਬੈਨੀਫਿਟ ਕਲੇਮ ਕਰਨ ਵਾਲੇ ਹਰ ਇਕ ਵਿਅਕਤੀ ਦੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਐਲ.ਐਚ.ਏ. ਦੀ ਵਰਤੋਂ ਰਾਹੀਂ ਲਗਾਇਆ ਜਾਵੇਗਾ। ਜੇ ਤੁਹਾਨੂੰ ਹਾਊਸਿੰਗ ਬੈਨੀਫਿਟ ਪਹਿਲਾਂ ਤੋਂ ਹੀ ਮਿਲ ਰਿਹਾ ਹੈ, ਤਾਂ ਇਹ ਨਿਯਮ ਤੁਹਾਡੇ ਵਲੋਂ ਸਰਨਾਵਾਂ ਬਦਲਣ ਜਾਂ ਅਸਥਾਈ ਰੂਪ ਵਿਚ ਕਲੇਮ ਬੰਦ ਕਰਨ ਸਮੇਂ ਤੱਕ ਨਹੀਂ ਬਦਲਣਗੇ।

ਲੋਕਲ ਹਾਊਸਿੰਗ ਅਲਾਊਂਸ ਦਾ ਤੁਹਾਡੇ ਉਤੇ ਪ੍ਰਭਾਵ ਨਹੀਂ ਹੋਵੇਗਾ ਜੇ:

- ਜਿਸ ਮਕਾਨ ਵਿਚ ਤੁਸੀਂ ਰਹਿੰਦੇ ਹੋ ਉਸਦੇ ਮਾਲਕ ਅਸੀਂ ਜਾਂ ਕੋਈ ਲੋਕਲ ਅਥਾਰਟੀ ਲੈਂਡਲਾਰਡ ਹੈ;
- ਤੁਸੀਂ ਕਿਸੇ ਰਜਿਸਟਰਡ ਸੋਸ਼ਲ ਲੈਂਡਲਾਰਡ ਦੇ ਕਿਰਾਏਦਾਰ ਹੋ;
- ਤੁਸੀਂ ਕਿਸੇ ਸੁਪੋਰਟਿਡ ਹਾਊਸਿੰਗ ਵਿਚ ਰਹਿੰਦੇ ਹੋ;
- ਤੁਹਾਡੀ ਕਿਰਾਏਦਾਰੀ 15 ਜਨਵਰੀ 1989 (ਸਕਾਟਲੈਂਡ ਵਿਚ 2 ਜਨਵਰੀ 1989) ਤੋਂ ਪਹਿਲਾਂ ਸ਼ੁਰੂ ਹੋਈ ਸੀ;
- ਤੁਸੀਂ ਕਿਸੇ ਕੈਰਾਵੈਨ, ਹਾਊਸਬੋਟ ਜਾਂ ਹੋਸਟਲ ਵਿਚ ਰਹਿੰਦੇ ਹੋ; ਜਾਂ
- ਰੈਂਟ ਆਫਿਸਰ ਨੇ ਫੈਸਲਾ ਕੀਤਾ ਹੈ ਕਿ ਤੁਹਾਡੇ ਵਲੋਂ ਕਿਰਾਏਦਾਰੀ ਵਾਸਤੇ ਦਿੱਤੇ ਜਾਣ ਵਾਲੇ ਕਿਰਾਏ ਦਾ ਇਕ ਵੱਡਾ ਹਿੱਸਾ ਤੁਹਾਡੇ ਵਾਸਤੇ ਪਕਾਏ ਜਾਣ ਵਾਲੇ ਭੋਜਨ ਵਾਸਤੇ ਹੈ।

ਜੇ ਤੁਸੀਂ ਉਪਰ ਲਿਖੇ ਕਿਸੇ ਗਰੁੱਪ ਵਿਚ ਆਉਂਦੇ ਹੋ, ਤਾਂ ਤੁਹਾਡੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਮੌਜੂਦਾ ਨਿਯਮਾ ਅਧੀਨ ਹੀ ਲਗਾਇਆ ਜਾਂਦਾ ਰਹੇਗਾ।

**ਮੈਨੂੰ ਪਹਿਲਾਂ ਤੋਂ ਹੀ ਹਾਊਸਿੰਗ ਬੈਨੀਫਿਟ ਮਿਲ ਰਿਹਾ ਹੈ। ਕੀ ਮੇਰੇ ਬੈਨੀਫਿਟ ਵਿਚ ਤਬਦੀਲੀ ਆਵੇਗੀ?**

ਨਹੀਂ। ਤੁਹਾਡਾ ਬੈਨੀਫਿਟ ਪਹਿਲਾਂ ਵਾਂਗ ਹੀ ਰਹੇਗਾ। ਪਰ ਜੇ ਤੁਸੀਂ ਮਕਾਨ ਬਦਲ ਲਵੋ ਜਾਂ ਘੱਟੋ ਘੱਟ ਇਕ ਹਫਤੇ ਵਾਸਤੇ ਹਾਊਸਿੰਗ ਬੈਨੀਫਿਟ ਕਲੇਮ ਕਰਨਾ ਬੰਦ ਕਰ ਦੇਵੋ ਤਾਂ ਅਸੀਂ ਤਹਾਡੇ ਨਵੇਂ ਕਲੇਮ ਦਾ ਹਿਸਾਬ ਐਲ.ਐਚ.ਏ. ਨਿਯਮਾ ਤਹਿਤ ਲਗਾਵਾਂਗੇ।

**ਐਲ.ਐਚ.ਏ. ਕਿਵੇਂ ਕੰਮ ਕਰੇਗਾ?**

ਤੁਹਾਨੂੰ ਹਾਊਸਿੰਗ ਬੈਨੀਫਿਟ ਦੀ ਮਿਲ ਸਕਣ ਵਾਲੀ ਅਧਿਕਤਮ ਰਕਮ ਪਹਿਲਾਂ ਹੀ ਰੈਂਟ ਆਫਿਸਰ ਵਲੋਂ ਨਿਸ਼ਚਤ ਕੀਤੀ ਜਾਵੇਗੀ। ਇਹ ਤੁਹਾਡੇ ਵਲੋਂ ਦਿੱਤੇ ਜਾ ਰਹੇ ਕਿਰਾਏ ਦੀ ਰਕਮ ਤੇ ਅਧਾਰਤ ਨਹੀਂ ਹੋਵੇਗੀ। ਤੁਹਾਨੂੰ ਮਿਲ ਸਕਣ ਵਾਲੀ ਅਧਿਕਤਮ ਰਕਮ ਤੁਹਾਡੇ ਇਲਾਕੇ ਵਿਚਲੇ ਇਕੋ ਆਕਾਰ ਦੇ ਮਕਾਨਾ ਵਾਸਤੇ ਇਕੋ ਜਿਹੀ ਹੀ ਹੋਵੇਗੀ, ਇਸ ਗੱਲ ਦਾ ਕੋਈ ਫਰਕ ਨਹੀਂ ਹੋਵੇਗਾ ਕਿ ਤੁਸੀਂ ਜਾਂ ਦੂਸਰੇ ਘਰਾਣੇ ਅਸਲ ਵਿਚ ਕਿਤਨਾ ਕਿਰਾਇਆ ਦੇ ਰਹੇ ਹੋ।

### ਬ੍ਰੋਡ ਰੈਂਟਲ ਮਾਰਕੀਟ ਏਰੀਆਜ (ਵਿਸਤ੍ਰਿਤ ਕਿਰਾਇਆ ਮਾਰਕੀਟ ਖੇਤਰ)

ਰੈਂਟ ਸਰਵਿਸ ਨੇ ਕਾਊਂਟੀ ਨੂੰ ਬ੍ਰੋਡ ਰੈਂਟਲ ਮਾਰਕੀਟ ਏਰੀਆਜ (ਬੀ.ਆਰ.ਐਮ.ਏ.ਜ) ਵਿਚ ਤਕਸੀਮ ਕੀਤਾ ਹੈ। ਇਹ ਕਈ ਨੇਬਰਹੁੱਡਜ ਤੇ ਅਧਾਰਤ ਹਨ। ਹਰ ਖੇਤਰ ਵਿਚ ਹੈਲਥ, ਐਜੂਕੇਸ਼ਨ, ਲੇਯਜਰ, ਪ੍ਰਸਨਲ ਬੈਂਕਿੰਗ ਅਤੇ ਸ਼ਾਪਿੰਗ ਵਰਗੀਆਂ ਬਹੁਤ ਸਾਰੀਆਂ ਜਨਤਕ ਸੇਵਾਵਾਂ ਤੋਂ ਵਾਜਬ ਦੂਰੀ ਤੇ ਬਹੁਤ ਸਾਰੇ ਰਲਵੇਂ ਮਿਲਵੇਂ ਪ੍ਰਕਾਰ ਦੇ ਮਕਾਨ ਮੌਜੂਦ ਹੋਣਗੇ।

ਇਕੱਤਰ ਕੀਤੀ ਜਾਣ ਵਾਲੀ ਜਾਣਕਾਰੀ ਤੋਂ ਹਰ ਖੇਤਰ ਵਿਚ ਚਾਰਜ ਕੀਤੇ ਜਾਣ ਵਾਲੇ ਕਿਰਾਇਆਂ ਦਾ ਵਿਚਕਾਰਲਾ ਅੰਕੜਾ ਲੋਕਲ ਹਾਊਸਿੰਗ ਅਲਾਊਂਸ ਰੇਟ ਦੇ ਰੂਪ ਵਿਚ ਵਰਤਿਆ ਜਾਵੇਗਾ। ਹਰ ਘਰਾਣੇ ਵਾਸਤੇ ਲੋੜੀਂਦੇ ਕਮਰਿਆਂ ਦੇ ਹਿਸਾਬ ਨਾਲ ਹਰ ਖੇਤਰ ਵਿਚ ਕਈ ਵੱਖੋ ਵੱਖਰੇ ਰੇਟ ਲਾਗੂ ਹੋਣਗੇ।

ਰੈਂਟ ਸਰਵਿਸ ਲਗਾਤਾਰ ਲੋਕਲ ਰੈਂਟ ਮਾਰਕੀਟ ਦੀ ਨਜ਼ਰਸਾਨੀ ਕਰਦੀ ਰਹੇਗੀ ਅਤੇ ਹਰ ਬੀ.ਆਰ.ਐਮ.ਏ ਵਾਸਤੇ ਹਰ ਮਹੀਨੇ ਲੋਕਲ ਹਾਊਸਿੰਗ ਅਲਾਊਂਸ ਦੇ ਅੰਕੜੇ ਨੂੰ ਅੱਪਡੇਟ ਕਰਦੀ ਰਹੇਗੀ। ਜੇ ਤੁਸੀਂ ਕੋਈ ਨਵਾਂ ਕਲੇਮ ਕਰ ਰਹੇ ਹੋ ਤਾਂ ਅੰਕੜੇ ਘਟ, ਵਧ ਜਾਂ ਪਹਿਲਾਂ ਵਾਲੇ ਵੀ ਰਹਿ ਸਕਦੇ ਹਨ।

ਇਹ ਅੰਕੜੇ ਤੁਹਾਡੇ ਲੋਕਲ ਹਾਊਸਿੰਗ ਬੈਨੀਫਿਟ ਆਫਿਸ ਨੂੰ ਹਰ ਮਹੀਨੇ ਦਿੱਤੇ ਜਾਣਗੇ। ਤੁਸੀਂ ਆਪਣੀ ਪੋਸਟਕੋਡ ਦੀ ਵਰਤੋਂ ਰਾਹੀਂ ਦੱਸ ਸਕਦੇ ਹੋ ਕਿ ਤੁਸੀਂ ਕਿਸ ਬੀ.ਆਰ.ਐਮ.ਏ. ਵਿਚ ਰਹਿੰਦੇ ਹੋ।

### ਕਮਰਿਆਂ ਦੀ ਗਿਣਤੀ

ਅਸੀਂ, ਹਾਊਸਿੰਗ ਬੈਨੀਫਿਟ ਨਿਯਮਾ ਅਨੁਸਾਰ, ਫੈਸਲਾ ਕਰਾਂਗੇ ਕਿ ਤੁਹਾਨੂੰ ਕਿਤਨੇ ਕਮਰਿਆਂ ਦੀ ਲੋੜ ਹੈ। ਜੇ ਤੁਸੀਂ ਇਕ ਕਮਰੇ ਵਿਚ ਰਹਿੰਦੇ ਹੋ ਅਤੇ ਕੁੱਝ ਸਹੂਲਤਾਂ (ਜਿਵੇਂ ਕਿ ਰਸੋਈ ਜਾਂ ਗੁਸਲਖਾਨਾ) ਹੋਰ ਲੋਕਾਂ ਨਾਲ ਸਾਂਝੇ ਰੂਪ ਵਿਚ ਵਰਤਦੇ ਹੋ, ਤਾਂ ਇਕ ਸਪੈਸ਼ਲ ਲੋਕਲ ਹਊਸਿੰਗ ਅਲਾਊਂਸ ਰੇਟ ਲਾਗੂ ਹੋਵੇਗਾ। ਜੇ ਤੁਹਾਡੀ ਉਮਰ 25 ਸਾਲ ਤੋਂ ਘੱਟ ਹੈ ਅਤੇ ਇਕੱਲੇ ਰਹਿੰਦੇ ਹੋ ਤਾਂ ਵੀ ਤੁਹਾਨੂੰ ਇਹ ਰੇਟ ਮਿਲੇਗਾ।

ਜੇ ਉਪਰ ਲਿਖਿਆ ਤੁਹਾਡੇ ਤੇ ਲਾਗੂ ਨਹੀਂ ਹੁੰਦਾ ਤਾਂ ਅਸੀਂ ਹੇਠ ਲਿਖੇ ਤਰੀਕੇ ਅਨੁਸਾਰ ਤੁਹਾਨੂੰ ਲੋੜੀਂਦੇ ਕਮਰਿਆਂ ਦਾ ਹਿਸਾਬ ਲਗਾਵਾਂਗੇ।

ਹੇਠ ਲਿਖਿਆਂ ਵਾਸਤੇ ਇਕ ਬੈੱਡਰੂਮ।

- ਇਕ ਜੋੜਾ
- 16 ਸਾਲ ਜਾਂ ਵੱਧ ਉਮਰ ਦਾ ਵਿਅਕਤੀ
- 16 ਸਾਲ ਦੀ ਉਮਰ ਤੱਕ ਇਕੋ ਲਿੰਗ ਵਾਲੇ ਦੋ ਬੱਚੇ
- 10 ਸਾਲ ਤੋਂ ਘੱਟ ਉਮਰ ਦੇ ਦੋ ਬੱਚੇ
- ਇਕ ਬੱਚਾ (16 ਸਾਲ ਤੋਂ ਘੱਟ ਉਮਰ ਦਾ ਵਿਅਕਤੀ)।

ਹਰ ਇਕ ਵਿਅਕਤੀ, ਜਿਸ ਗਰੁੱਪ ਵਿਚ ਉਹ ਆਉਂਦਾ ਹੋਵੇ ਉਸ ਵਿਚ, ਸਿਰਫ ਇਕ ਵਾਰ ਹੀ ਗਿਣਿਆ ਜਾਂਦਾ ਹੈ।

ਤੁਹਾਨੂੰ ਕਿਤਨੇ ਕਮਰਿਆਂ ਦੀ ਲੋੜ ਹੈ ਦਾ ਹਿਸਾਬ ਲਗਾਉਣ ਸਮੇਂ ਅਸੀਂ ਤੁਹਾਡੇ ਮਕਾਨ ਵਿਚਲੇ ਹਰ ਇਕ ਵਿਅਕਤੀ ਨੂੰ ਗਿਣਤੀ ਵਿਚ ਨਹੀਂ ਲਿਆਉਂਦੇ। ਅਸੀਂ ਤੁਹਾਡੇ ਅਤੇ ਤੁਹਾਡੇ ਸਾਥੀ ਦੇ ਨਾਲ ਨਾਲ ਤੁਹਾਡੀ ਜੁੰਮੇਵਾਰੀ ਹੇਠ ਆਉਣ ਵਾਲੇ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਨੂੰ ਗਿਣਤੀ ਵਿਚ ਲੈਂਦੇ ਹਾਂ। ਜੇ ਤੁਹਾਡੇ ਮਕਾਨ ਵਿਚ ਕੋਈ ਹੋਰ ਬਾਲਗ ਜੋ ਕਿ ਬੋਰਡਰਜ ਜਾਂ ਲੌਜਰਜ ਨਹੀਂ ਹਨ ਤਾਂ ਅਸੀਂ ਉਹਨਾਂ ਨੂੰ ਵੀ ਗਿਣਤੀ ਵਿਚ ਲਿਆਉਂਦੇ ਹਾਂ। ਪਰ ਅਸੀਂ ਫੌਸਟਰ ਬੱਚਿਆਂ ਜਾਂ ਸਾਂਝੇ ਕਿਰਾਏਦਾਰਾਂ ਨੂੰ ਗਿਣਤੀ ਵਿਚ ਨਹੀਂ ਲੈਂਦੇ।

### ਮੇਰੇ ਉਪਰ ਕਿਹੜਾ ਰੇਟ ਲਾਗੂ ਹੋਵੇਗਾ?

ਤੁਹਾਡਾ ਅਧਿਕਤਮ ਹਾਊਸਿੰਗ ਬੈਨੀਫਿਟ ਤੁਹਾਡੇ ਬ੍ਰੋਡ ਰੈਂਟਲ ਮਾਰਕੀਟ ਏਰੀਆ ਵਾਸਤੇ ਤੁਹਾਨੂੰ ਲੋੜੀਂਦੇ ਕਮਰਿਆਂ ਦੀ ਗਿਣਤੀ ਅਨੁਸਾਰ ਐਲ.ਐਚ.ਏ. ਰੇਟ ਦੇ ਬਰਾਬਰ ਹੋਵੇਗਾ।

6 ਅਪ੍ਰੈਲ 2009 ਤੋਂ ਤੁਹਾਨੂੰ ਵੱਧ ਤੋਂ ਵੱਧ ਹਾਊਸਿੰਗ ਬੈਨੀਫਿਟ ਫਾਈਵ-ਬੈਡਰੂਮ ਲੋਕਲ ਹਾਊਸਸਿੰਗ ਅਲਾਊਂਸ ਰੇਟ ਬਰਾਬਰ ਹੀ ਮਿਲ ਸਕੇਗਾ। ਜੇ ਤੁਸੀਂ 6 ਅਪ੍ਰੈਲ 2009 ਤੋਂ ਬਾਅਦ ਹਾਊਸਿੰਗ ਬੈਨੀਫਿਟ ਵਾਸਤੇ ਨਵਾਂ ਕਲੇਮ ਕਰਦੇ ਹੋ ਜਾਂ ਕਿਸੇ ਪ੍ਰਾਈਵੇਟ ਰਹਾਇਸ਼ ਵਿਚ ਤਬਦੀਲ ਹੁੰਦੇ ਹੋ ਤਾਂ ਤੁਹਾਡਾ ਕਲੇਮ ਤੁਹਾਡੇ ਰਹਿਣ ਵਾਲੇ ਇਲਾਕੇ ਵਿਚਲੇ ਫਾਈਵ-ਬੈਡਰੂਮ ਲੋਕਲ ਹਾਊਸਿੰਗ ਅਲਾਊਂਸ ਰੇਟ ਅਨੁਸਾਰ ਹੀ ਨਿਰਧਾਰਤ ਕੀਤਾ ਜਾਵੇਗਾ।

ਜੇ ਤੁਹਾਨੂੰ ਐਲ.ਐਚ.ਏ. ਨਾਲ ਪਹਿਲਾਂ ਤੋਂ ਹੀ ਛੇ ਜਾਂ ਵੱਧ ਬੈਡਰੂਮਾਂ ਵਾਸਤੇ ਹਾਊਸਿੰਗ ਬੈਨੀਫਿਟ ਮਿਲਦਾ ਹੈ ਤਾਂ ਇਹ ਤੁਹਾਡੇ ਕੇਸ ਤੇ ਮੁੜ-ਵਿਚਾਰ ਕਰਨ ਤੱਕ ਮਿਲਣਾ ਜਾਰੀ ਰਹੇਗਾ। ਜੇ ਤੁਹਾਡੇ ਹਾਲਤਾਂ ਵਿਚ ਕੋਈ ਤਬਦੀਲੀ ਨਹੀਂ ਆਈ ਤਾਂ ਤੁਹਾਡਾ ਰੀਵਿਊ ਆਮ ਤੌਰ ਤੇ ਤੁਹਾਡੇ ਹਾਊਸਿੰਗ ਬੈਨੀਫਿਟ ਦੇ ਕਲੇਮ ਕਰਨ ਤੋਂ ਇਕ ਸਾਲ ਬਾਅਦ ਜਾਂ ਤੁਹਾਡੇ ਪਿਛਲੇ ਰੀਵਿਊ ਤੋਂ ਇਕ ਸਾਲ ਬਾਅਦ ਕੀਤਾ ਜਾਂਦਾ ਹੈ। ਰੀਵਿਊ ਤੋਂ ਬਾਅਦ ਹੋ ਸਕਦਾ ਹੈ ਕਿ ਤੁਹਾਨੂੰ 26 ਹਫਤਿਆਂ ਤੱਕ ਹਾਊਸਿੰਗ ਬੈਨੀਫਿਟ ਤੁਹਾਡੇ ਮੌਜੂਦਾ ਲੋਕਲ ਹਾਊਸਿੰਗ ਅਲਾਊਂਸ ਰੇਟ ਤੇ ਹੀ ਮਿਲਦਾ ਰਹੇ। ਫਿਰ ਤੁਹਾਡਾ ਕਲੇਮ ਤੁਹਾਡੇ ਇਲਾਕੇ ਦੇ ਫਾਈਵ-ਬੈਡਰੂਮ ਲੋਕਲ ਹਾਊਸਿੰਗ ਅਲਾਊਂਸ ਰੇਟ ਅਨੁਸਾਰ ਨਿਰਧਾਰਤ ਕੀਤਾ ਜਾਵੇਗਾ।

ਰੈਂਟ ਸਰਵਿਸ ਹਰ ਮਹੀਨੇ ਨਵੇਂ ਐਲ.ਐਚ.ਏ. ਰੇਟ ਪ੍ਰਕਾਸ਼ਤ ਕਰੇਗੀ। ਤੁਹਾਡੇ ਉਪਰ ਲਾਗੂ ਹੋਣ ਵਾਲਾ ਰੇਟ ਤੁਹਾਡੇ ਕਲੇਮ ਕਰਨ ਦੀ ਤਰੀਕ ਤੇ ਅਧਾਰਤ ਹੋਵੇਗਾ। ਆਮਤੌਰ ਤੇ ਇਹ ਉਹ ਤਰੀਕ ਹੁੰਦੀ ਹੈ ਜਿਸ ਤਰੀਕ ਨੂੰ ਸਾਨੂੰ ਤੁਹਾਡਾ ਕਲੇਮ ਫਾਰਮ ਮਿਲੇ ਜਾਂ ਜਿਸ ਤਰੀਕ ਨੂੰ ਤੁਸੀਂ ਪਹਿਲੀ ਵਾਰ ਹਾਊਸਿੰਗ ਬੈਨੀਫਿਟ ਕਲੇਮ ਕਰਨ ਬਾਰੇ ਪੁੱਛਿਆ ਹੋਵੇ, ਜੇ ਤੁਸੀਂ ਇਸ ਤਰੀਕ ਤੋਂ ਇਕ ਮਹੀਨੇ ਦੇ ਵਿਚ ਕਲੇਮ ਫਾਰਮ ਵਾਪਸ ਭੇਜ ਦਿੰਦੇ ਹੋ। ਬੇਸ਼ੱਕ ਅਸੀਂ ਹਾਊਸਿੰਗ ਬੈਨੀਫਿਟ ਦਾ ਭੁਗਤਾਨ ਤੁਹਾਨੂੰ ਅਗਲੇ ਮਹੀਨੇ ਸ਼ੁਰੂ ਕਰਨਾ ਹੋਵੇ ਫਿਰ ਵੀ ਤੁਹਾਡਾ ਬੈਨੀਫਿਟ ਤੁਹਾਡੇ ਵਲੋਂ ਕਲੇਮ ਕੀਤੇ ਜਾਣ ਵਾਲੇ ਸਮੇਂ ਤੇ ਹੀ ਅਧਾਰਤ ਹੋਵੇਗਾ।

**ਮੇਰਾ ਕਿਰਾਇਆ ਲੋਕਲ ਹਾਊਸਿੰਗ ਅਲਾਊਂਸ ਨਾਲੋਂ ਵੱਧ ਹੈ।**

ਤੁਹਾਨੂੰ ਮਿਲ ਸਕਣ ਵਾਲਾ ਅਧਿਕਤਮ ਬੈਨੀਫਿਟ ਤੁਹਾਡੇ ਇਲਾਕੇ ਵਿਚਲੇ ਤੁਹਾਡੇ ਮਕਾਨ ਦੇ ਆਕਾਰ ਵਾਸਤੇ ਐਲ.ਐਚ.ਏ. ਰੇਟ ਦੇ ਬਰਾਬਰ ਹੀ ਹੋਵੇਗਾ। ਜੇ ਤੁਹਾਡਾ ਕਿਰਾਇਆ ਇਸ ਅੰਕੜੇ ਨਾਲੋਂ ਵੱਧ ਹੈ ਤਾਂ ਬਾਕੀ ਦੀ ਪੂਰਤੀ ਤੁਹਾਨੂੰ ਆਪ ਹੀ ਕਰਨੀ ਪਵੇਗੀ। ਜੇ ਤੁਹਾਡੇ ਕੋਈ ਵਿਸ਼ੇਸ਼ ਹਾਲਾਤ ਹਨ ਤਾਂ 'ਏ ਗਾਈਡ ਟੂ ਡਿਸਕ੍ਰਿਸ਼ਨਰੀ ਹਾਊਸਿੰਗ ਪੇਮਿੰਟਸ' ਲੀਫਲੈਟ ਪੜ੍ਹੋ ਜਾਂ ਸਾਡੇ ਨਾਲ ਗੱਲ ਕਰੋ।

**ਮੇਰਾ ਕਿਰਾਇਆ ਲੋਕਲ ਹਾਊਸਿੰਗ ਅਲਾਊਂਸ ਨਾਲੋਂ ਘੱਟ ਹੈ।**

ਤੁਹਾਡਾ ਅਧਿਕਤਮ ਹਾਊਸਿੰਗ ਬੈਨੀਫਿਟ ਤੁਹਾਡੇ ਹਫਤਾਵਾਰੀ ਕਿਰਾਇਆ ਜਮ੍ਹਾ 15 ਪੌਂਡ ਪ੍ਰਤੀ ਹਫਤਾ ਹੋਵੇਗਾ। ਸਰਕਾਰ ਨੇ ਫੈਸਲਾ ਦੇ ਦਿੱਤਾ ਹੈ ਕਿ ਇਹ ਹੀ ਅਧਿਕਤਮ ਰਕਮ ਹੈ ਜਿਸਦੀ ਵਰਤੋਂ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਲਈ ਕੀਤੀ ਜਾ ਸਕਦੀ ਹੈ। ਤੁਹਾਡਾ ਅਧਿਕਤਮ ਹਾਊਸਿੰਗ ਬੈਨੀਫਿਟ ਤੁਹਾਡੇ ਐਲ.ਐਚ.ਏ. ਰੇਟ ਨਾਲੋਂ ਵੱਧ ਨਹੀਂ ਹੋਵੇਗਾ।

**ਉਦਾਹਰਨ**
ਕਿਰਾਇਆ = 90 ਪੌਂਡ ਪ੍ਰਤੀ ਹਫਤਾ
ਐਲ.ਐਚ.ਏ. = 120 ਪੌਂਡ ਪ੍ਰਤੀ ਹਫਤਾ
ਅਧਿਕਤਮ ਹਾਊਸਿੰਗ ਬੈਨੀਫਿਟ = 105 ਪੌਂਡ ਪ੍ਰਤੀ ਹਫਤਾ

**ਉਦਾਹਰਨ**
ਕਿਰਾਇਆ = 90 ਪੌਂਡ ਪ੍ਰਤੀ ਹਫਤਾ
ਐਲ.ਐਚ.ਏ. = 100 ਪੌਂਡ ਪ੍ਰਤੀ ਹਫਤਾ
ਅਧਿਕਤਮ ਹਾਊਸਿੰਗ ਬੈਨੀਫਿਟ = 100 ਪੌਂਡ ਪ੍ਰਤੀ ਹਫਤਾ

**ਜੇ ਮੇਰਾ ਕਿਰਾਇਆ ਵਧ ਜਾਵੇ ਤਾਂ ਕੀ ਮੇਰਾ ਹਾਊਸਿੰਗ ਬੈਨੀਫਿਟ ਵੀ ਵਧ ਜਾਵੇਗਾ?**

ਤੁਹਾਡੇ ਵਲੋਂ ਕਲੇਮ ਕਰਨ ਦੀ ਸਾਲਗਿਰਾਹ ਤੇ ਅਸੀਂ ਹਰ ਸਾਲ ਤੁਹਾਡੇ ਐਲ.ਐਚ.ਏ. ਰੇਟ ਦਾ ਰੀਵਿਊ ਕਰਾਂਗੇ। ਫਿਰ ਤੁਹਾਡਾ ਅਧਿਕਤਮ ਹਾਊਸਿੰਗ ਬੈਨੀਫਿਟ ਉਸ ਮਹੀਨੇ ਲਾਗੂ ਹੋਣ ਵਾਲੇ ਐਲ.ਐਚ.ਏ. ਰੇਟ ਦੇ ਬਰਾਬਰ ਹੋਵੇਗਾ, ਇਸ ਤਰਾਂ ਸ਼ਾਇਦ ਤੁਹਾਡਾ ਹਾਊਸਿੰਗ ਬੈਨੀਫਿਟ ਵਧ ਜਾਵੇ। ਪਰ ਤੁਹਾਡਾ ਅਧਿਕਤਮ ਹਾਊਸਿੰਗ ਬੈਨੀਫਿਟ ਤੁਹਾਡਾ ਕਿਰਾਇਆ ਵਧ ਜਾਣ ਕਾਰਨ ਨਹੀਂ ਵਧੇਗਾ।

**ਮੈਂ ਆਪਣਾ ਕਲੇਮ ਕਿਸੇ ਪਿਛਲੀ ਤਰੀਕ ਤੋਂ ਸ਼ੁਰੂ ਕਰਨ ਦੀ ਮੰਗ ਕੀਤੀ ਹੋਈ ਹੈ। ਮੇਰਾ ਕਲੇਮ ਕਿਸ ਲੋਕਲ ਹਾਊਸਿੰਗ ਅਲਾਊਂਸ ਰੇਟ ਤੇ ਅਧਾਰਤ ਹੋਵੇਗਾ?**

ਇਹ ਨਿਰਭਰ ਕਰਦਾ ਹੈ ਕਿ ਕੀ ਤੁਸੀਂ ਆਪਣਾ ਕਲੇਮ 7 ਅਪ੍ਰੈਲ 2008 ਤੋਂ ਪਹਿਲਾਂ ਕਿਸੇ ਤਰੀਕ ਤੋਂ ਸ਼ੁਰੂ ਕਰਨ ਦੀ ਮੰਗ ਕੀਤੀ ਹੈ ਜਾਂ ਨਹੀਂ।

ਜੇ ਅਸੀਂ ਤੁਹਾਡਾ ਕਲੇਮ 7 ਅਪ੍ਰੈਲ 2008 ਤੋਂ ਪਹਿਲਾਂ ਸ਼ੁਰੂ ਕਰਨ ਦਾ ਫੈਸਲਾ ਕਰ ਲੈਂਦੇ ਹਾਂ ਤਾਂ ਅਸੀਂ ਉਸ ਤਰੀਕ ਨੂੰ ਲੋਕਲ ਹਾਊਸਿੰਗ ਅਲਾਊਂਸ ਰੈਗੂਲੇਸ਼ਨਜ ਲਾਗੂ ਹੋਣ ਤੋਂ ਪਹਿਲਾਂ ਦੀ ਮੰਨ ਲਵਾਂਗੇ। ਨਤੀਜੇ ਵਜੋਂ ਤੁਹਾਡਾ ਅਧਿਕਤਮ ਹਾਊਸਿੰਗ ਬੈਨੀਫਿਟ ਰੈਂਟ ਆਫਿਸਰ ਦੇ ਫੈਸਲੇ ਤੇ ਨਿਰਭਰ ਹੋਵੇਗਾ। ਤੁਸੀਂ ਐਲ.ਐਚ.ਏ. ਵਿਚ ਤਦ ਹੀ ਤਬਦੀਲ ਹੋਵੋਗੇ ਜਦੋਂ ਤੁਸੀਂ ਮਕਾਨ ਬਦਲੋਗੇ ਜਾਂ ਕਲੇਮ ਬੰਦ ਕਰਕੇ ਦੁਬਾਰਾ ਸ਼ੁਰੂ ਕਰੋਗੇ।

ਜੇ ਤੁਸੀਂ ਆਪਣਾ ਕਲੇਮ 7 ਅਪ੍ਰੈਲ 2008 ਤੋਂ ਬਾਅਦ ਕਿਸੇ ਤਰੀਕ ਤੋਂ ਸ਼ੁਰੂ ਕਰਨ ਦੀ ਮੰਗ ਕੀਤੀ ਹੈ ਅਤੇ ਅਸੀਂ ਇਸ ਨਾਲ ਸੈਹਮਤ ਹੋ ਜਾਂਦੇ ਹਾਂ ਤਾਂ ਤੁਹਾਡਾ ਐਲ.ਐਚ.ਏ. ਰੇਟ ਤੁਹਾਡਾ ਕਲੇਮ ਸ਼ੁਰੂ ਹੋਣ ਦੇ ਮਹੀਨੇ ਵਾਲੇ ਰੇਟ ਉਤੇ ਅਧਾਰਤ ਹੋਵੇਗਾ। ਇਹ ਉਸ ਮਹੀਨੇ ਦੇ ਅੰਕੜੇ ਨਾਲੋਂ ਵੱਖਰਾ ਹੋ ਸਕਦਾ ਹੈ ਜਿਸ ਮਹੀਨੇ ਵਿਚ ਕਿ ਤੁਸੀਂ ਕਲੇਮ ਕੀਤਾ ਸੀ। ਅਸੀਂ ਤੁਹਾਡੇ ਐਲ.ਐਚ.ਏ. ਦਾ ਰੀਵਿਊ ਤੁਹਾਡਾ ਕਲੇਮ ਅਰੰਭ ਹੋਣ ਦੀ ਸਾਲਗਿਰਾਹ ਤੇ ਕਰਾਂਗੇ।

**ਮੇਰੀ ਚਾਹਨਾ ਹੈ ਕਿ ਮੇਰੇ ਹਾਊਸਿੰਗ ਬੈਨੀਫਿਟ ਦਾ ਭੁਗਤਾਨ ਮੇਰੇ ਲੈਂਡਲਾਰਡ ਨੂੰ ਕੀਤਾ ਜਾਵੇ। ਕੀ ਇਹ ਸੰਭਵ ਹੈ?**

ਐਲ.ਐਚ.ਏ. ਦੇ ਤਹਿਤ ਅਸੀਂ ਤੁਹਾਡਾ ਹਾਊਸਿੰਗ ਬੈਨੀਫਿਟ ਸਿੱਧਾ, ਤੁਹਾਡੇ ਬੈਂਕ ਖਾਤੇ ਵਿਚ ਜਾਂ ਚੈੱਕ ਰਾਹੀਂ, ਤੁਹਾਨੂੰ ਹੀ ਦੇਵਾਂਗੇ, ਇਹ ਤੁਹਾਡੀ ਜੁੰਮੇਵਾਰੀ ਹੋਵੇਗੀ ਕਿ ਤੁਸੀਂ ਆਪਣੇ ਲੈਂਡਲਾਰਡ ਨੂੰ ਕਿਰਾਏ ਦੀ ਸਹੀ ਰਕਮ ਸਹੀ ਸਮੇਂ ਤੇ ਦਿੰਦੇ ਰਹੋ। ਤੁਹਾਡਾ ਬੈਨੀਫਿਟ ਤੁਹਾਡੇ ਲੈਂਡਲਾਰਡ ਨੂੰ ਅਸੀਂ ਬਹੁਤ ਘੱਟ ਹਾਲਤਾਂ ਵਿਚ ਦੇ ਸਕਾਂਗੇ। ਅਸੀਂ ਐਸਾ ਤਦ ਹੀ ਕਰਾਂਗੇ ਜੇ ਸਾਡੇ ਖਿਆਲ ਅਨੁਸਾਰ ਤੁਹਾਨੂੰ ਆਪਣਾ ਕਿਰਾਇਆ ਮੈਨੇਜ ਕਰਨ ਵਿਚ ਕਠਨਾਈ ਪੇਸ਼ ਆਵੇਗੀ, ਜੇ ਤੁਸੀਂ ਆਪਣੇ ਕਿਰਾਏ ਦੇ ਭੁਗਤਾਨ ਵਿਚ ਅੱਠ ਹਫਤੇ ਜਾਂ ਵੱਧ ਸਮੇਂ ਵਾਸਤੇ ਪਿੱਛੇ ਰਹਿ ਗਏ ਹੋ, ਜਾਂ ਸਾਡਾ ਖਿਆਲ ਹੋਵੇ ਕਿ ਤੁਸੀਂ ਆਪਣੇ ਕਿਰਾਏ ਦਾ ਭੁਗਤਾਨ ਨਹੀਂ ਕਰੋਗੇ। ਅਸੀਂ ਹਰ ਇਕ ਕੇਸ ਬਾਰੇ ਵਿਅਕਤੀਗਤ ਰੂਪ ਵਿਚ ਫੈਸਲਾ ਕਰਾਂਗੇ ਅਤੇ ਤੁਹਾਡੇ ਕੋਲੋਂ ਕਾਰਨਾ ਅਤੇ ਸਬੂਤ ਦੀ ਮੰਗ ਕਰਾਂਗੇ ਕਿ ਅਸੀਂ ਇਹ ਭੁਗਤਾਨ ਤੁਹਾਡੇ ਲੈਂਡਲਾਰਡ ਨੂੰ ਕਿਉਂ ਦੇਈਏ। ਜੇ ਤੁਹਾਨੂੰ ਇਸ ਸਬੰਧੀ ਵਧੇਰੇ ਜਾਣਕਾਰੀ ਦੀ ਲੋੜ ਹੈ ਤਾਂ ਸਾਡੇ ਨਾਲ ਜਾਂ ਸਿਟੀਜ਼ਨਜ ਐਡਵਾਇਸ ਬਿਊਰੋ ਨਾਲ ਸੰਪਰਕ ਕਰੋ ਜੀ।

**ਮੇਰਾ ਕੋਈ ਬੈਂਕ ਖਾਤਾ ਨਹੀਂ ਹੈ।**

ਜੇ ਤੁਹਾਡੇ ਕੋਲ ਕੋਈ ਬੈਂਕ ਖਾਤਾ ਨਹੀਂ ਹੈ, ਤਾਂ ਅਸੀਂ ਤੁਹਾਡਾ ਹਾਊਸਿੰਗ ਬੈਨੀਫਿਟ ਚੈਕ ਰਾਹੀਂ ਦੇਵਾਂਗੇ, ਪਰ ਅਸੀਂ ਬੈਂਕ ਖਾਤੇ ਵਿਚ ਪੈਸੇ ਭੇਜਣ ਨੂੰ ਪਹਿਲ ਦਿੰਦੇ ਹਾਂ ਕਿਉਂਕਿ ਇਹ ਵਧੇਰੇ ਸੁਰੱਖਿਅਤ ਅਤੇ ਵਧੇਰੇ ਅਸਰਦਾਰ ਤਰੀਕਾ ਹੈ। ਅਸੀਂ ਜਾਂ ਸਿਟੀਜ਼ਨਜ ਐਡਵਾਈਸ ਬਿਊਰੋ ਤੁਹਾਨੂੰ ਬੈਂਕ ਖਾਤਾ ਖੋਲਣ ਸਬੰਧੀ ਸਲਾਹ ਅਤੇ ਜਾਣਕਾਰੀ ਮੁਹੱਈਆ ਕਰਵਾ ਸਕਦੇ ਹਾਂ। ਫਿਰ ਤੁਸੀਂ ਆਪਣੇ ਲੈਂਡਲਾਰਡ ਨੂੰ ਕਿਰਾਏ ਦਾ ਭੁਗਤਾਨ ਕਰਨ ਲਈ ਇਕ ਸਟੈਂਡਿੰਗ ਆਰਡਰ ਸਥਾਪਤ ਕਰ ਸਕਦੇ ਹੋ। ਆਪਣੇ ਕਿਰਾਏ ਦੇ ਭੁਗਤਾਨ ਨੂੰ ਹਰ ਮਹੀਨੇ ਯਕੀਨੀ ਬਣਾਉਣ ਵਾਸਤੇ ਇਹ ਇਕ ਸਰਲ ਤਰੀਕਾ ਹੈ।

**ਮੈਂ ਮਕਾਨ ਬਦਲ ਰਿਹਾ ਹਾਂ। ਮੈਂ ਆਪਣੇ ਅਧਿਕਤਮ ਹਾਊਸਿੰਗ ਬੈਨੀਫਿਟ ਬਾਰੇ ਕਿਵੇਂ ਪਤਾ ਲਗਾ ਸਕਦਾ ਹਾਂ?**

ਜਿਸ ਬ੍ਰੋਡ ਰੈਂਟਲ ਮਾਰਕੀਟ ਏਰੀਆ ਵਿਚ ਤੁਸੀਂ ਜਾਣ ਬਾਰੇ ਸੋਚ ਰਹੇ ਹੋ ਤੁਹਾਨੂੰ ਉਸਦੇ ਐਲ.ਐਚ.ਏ. ਰੇਟਾਂ ਬਾਰੇ ਪਤਾ ਕਰਨਾ ਪਵੇਗਾ। ਇਹ ਜਾਣਕਾਰੀ ਸਾਡੇ ਦਫਤਰਾਂ ਅਤੇ ਵੈਬਸਾਈਟ ਵਿਚ ਮੌਜੂਦ ਹੋਵੇਗੀ।

ਫਿਰ ਤੁਹਾਨੂੰ 'ਕਮਰਿਆਂ ਦੀ ਗਿਣਤੀ' ਵਾਲੇ ਸੈਕਸ਼ਨ ਦੀਆਂ ਸ਼ਰਤਾਂ ਅਨੁਸਾਰ ਹਿਸਾਬ ਲਗਾਉਣਾ ਹੋਵੇਗਾ ਕਿ ਤੁਹਾਨੂੰ ਕਿਤਨੇ ਬੈੱਡਰੂਮਾਂ ਦੀ ਲੋੜ ਹੈ। ਇਹ ਇਮਾਰਤ ਵਿਚਲੇ ਕਮਰਿਆਂ ਦੀ ਗਿਣਤੀ ਨਹੀਂ ਬਲਕਿ ਤੁਹਾਡੇ ਘਰਾਣੇ ਨੂੰ ਕਿਤਨੇ ਕਮਰਿਆਂ ਦੀ ਲੋੜ ਹੈ ਦੀ ਗਿਣਤੀ ਹੁੰਦੀ ਹੈ। ਤੁਹਾਨੂੰ ਮਿਲ ਸਕਣ ਵਾਲਾ ਅਧਿਕਤਮ ਹਾਊਸਿੰਗ ਬੈਨੀਫਿਟ ਉਸ ਬ੍ਰੋਡ ਰੈਂਟਲ ਮਾਰਕੀਟ ਏਰੀਆ ਵਿਚ ਕਮਰਿਆਂ ਦੀ ਗਿਣਤੀ ਅਨੁਸਾਰ ਲੋਕਲ ਹਾਊਸਿੰਗ ਅਲਾਊਂਸ ਰੇਟ ਹੀ ਹੋਵੇਗਾ, ਤੁਹਾਡਾ ਕਿਰਾਇਆ ਚਾਹੇ ਕਿਤਨਾ ਵੀ ਹੋਵੇ।

ਜਦੋਂ ਤੁਸੀਂ ਘਰ ਬਦਲੋਗੇ ਤਾਂ ਅਸੀਂ ਤੁਹਾਡੇ ਨਵੇਂ ਮਕਾਨ ਵਾਸਤੇ ਸਬੰਧਤ ਐਲ.ਐਚ.ਏ. ਲਾਗੂ ਕਰਾਂਗੇ।

**ਕੀ ਫਿਰ ਵੀ ਮੈਨੂੰ ਆਪਣੀ ਸਭ ਆਮਦਨ ਅਤੇ ਬੱਚਤਾਂ ਬਾਰੇ ਤੁਹਾਨੂੰ ਦੱਸਣਾ ਪਵੇਗਾ?**

ਹਾਂ, ਉਹ ਤਰੀਕਾ ਨਹੀਂ ਬਦਲ ਰਿਹਾ ਜਿਸ ਰਾਹੀਂ ਅਸੀਂ ਤੁਹਾਡੀ ਆਮਦਨ ਅਤੇ ਬੱਚਤਾਂ ਦੀ ਵਰਤੋਂ ਰਾਹੀਂ ਤੁਹਾਡੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਂਦੇ ਹਾਂ। ਅਸੀਂ ਹਾਊਸਿੰਗ ਬੈਨੀਫਿਟ ਦਾ ਹਿਸਾਬ ਕਿਵੇਂ ਲਗਾਉਂਦੇ ਹਾਂ ਸਬੰਧੀ ਵਧੇਰੇ ਜਾਣਕਾਰੀ ਵਾਸਤੇ 'ਹੈਲਪ ਵਿੱਦ ਰੈਂਟ ਐਂਡ ਕੌਂਸਲ ਟੈਕਸ ਫੋਰ ਪੀਪਲ ਔਫ ਵਰਕਿੰਗ ਏਜ' ਜਾਂ 'ਹੈਲਪ ਵਿੱਦ ਰੈਂਟ ਐਂਡ ਕੌਂਸਲ ਟੈਕਸ ਫੋਰ ਪੈਨਸ਼ਨਰਜ' ਲੀਫਲੈਟ ਪੜ੍ਹੋ। ਜਿਸ ਚੀਜ਼ ਵਿਚ ਤਬਦੀਲੀ ਆ ਰਹੀ ਹੈ ਉਹ ਸਿਰਫ ਸਾਡੇ ਵਲੋਂ ਅਧਿਕਤਮ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਦਾ ਤਰੀਕਾ ਹੀ ਹੈ। ਫਿਰ ਵੀ ਤੁਹਾਡੇ ਲਈ ਸਾਨੂ ਆਪਣੀ ਆਮਦਨ ਅਤੇ ਬੱਚਤਾਂ ਬਾਰੇ ਤੁਹਾਡੇ ਹਾਲਾਤਾਂ ਵਿਚ ਕਿਸੇ ਤਬਦੀਲੀ ਬਾਰੇ ਦੱਸਣ ਦੀ ਲੋੜ ਹੋਵੇਗੀ।

**ਮਰੇ ਘਰਾਣੇ ਦਾ ਆਕਾਰ ਬਦਲ ਗਿਆ ਹੈ। ਮੇਰੇ ਹਾਊਸਿੰਗ ਬੈਨੀਫਿਟ ਦਾ ਕੀ ਹੋਵੇਗਾ?**

ਜੇ ਕੋਈ ਤੁਹਾਡੇ ਘਰਾਣੇ ਵਿਚੋਂ ਬਾਹਰ ਚਲੇ ਜਾਵੇ ਤਾਂ ਤੁਹਾਡੇ ਵਾਸਤੇ ਸਾਨੂੰ ਦੱਸਣਾ ਜ਼ਰੂਰੀ ਹੈ। ਫਿਰ ਅਸੀਂ ਤੁਹਾਡਾ ਅਧਿਕਤਮ ਹਾਊਸਿੰਗ ਬੈਨੀਫਿਟ ਤੁਹਾਡੇ ਘਰਾਣੇ ਦੇ ਨਵੇਂ ਆਕਾਰ ਸਬੰਧੀ ਸਹੀ ਐਲ.ਐਚ.ਏ. ਅਨੁਸਾਰ ਤਬਦੀਲ ਕਰ ਦੇਵਾਂਗੇ।

ਜੇ ਤੁਹਾਡੇ ਘਰਾਣੇ ਵਿਚ ਕਿਸੇ ਵਿਅਕਤੀ ਦਾ ਜਨਮਦਿਨ ਹੈ ਜਿਸਦਾ ਅਸਰ ਐਲ.ਐਚ.ਏ. ਰੇਟ ਤੇ ਹੋ ਸਕਦਾ ਹੋਵੇ (ਜਿਵੇਂ ਕਿ ਕੋਈ ਬੱਚਾ 16 ਸਾਲ ਦਾ ਹੋ ਜਾਵੇ), ਤਾਂ ਵੀ ਸ਼ਾਇਦ ਸਾਨੂੰ ਤੁਹਾਡਾ ਐਲ.ਐਚ.ਏ. ਬਦਲਣਾ ਪਵੇ ਕਿਉਂਕਿ ਉਸ ਵਿਅਕਤੀ ਨੂੰ ਵਾਧੂ ਕਮਰੇ ਦੀ ਲੋੜ ਪਵੇਗੀ (ਉਪਰ 'ਕਮਰਿਆਂ ਦੀ ਗਿਣਤੀ' ਵਾਲਾ ਸੈਕਸ਼ਨ ਦੇਖੋ)।

**ਮੈਂ ਲੋਕਲ ਹਾਊਸਿੰਗ ਅਲਾਊਂਸ ਰੇਟ ਨਾਲ ਸੈਹਮਤ ਨਹੀਂ ਹਾਂ। ਕੀ ਮੈਂ ਅਪੀਲ ਕਰ ਸਕਦਾ ਹਾਂ?**

ਨਹੀਂ। ਐਲ.ਐਚ.ਏ. ਵਿਰੁੱਧ ਅਪੀਲ ਕਰਨ ਦੀ ਸੰਭਾਵਨਾ ਨਹੀਂ ਹੈ। ਇਹ ਇਸ ਕਰਕੇ ਹੈ ਕਿਉਂਕਿ ਇਹ ਲੈਵਲ ਸਮੁੱਚੇ ਬੀ.ਆਰ.ਐਮ.ਏ. ਵਾਸਤੇ ਨਿਸ਼ਚਤ ਕੀਤਾ ਜਾਂਦਾ ਹੈ ਅਤੇ ਇਸ ਵਿਚ ਕੀਤੀ ਕੋਈ ਵੀ ਤਬਦੀਲੀ ਉਹਨਾਂ ਲੋਕਾਂ ਤੇ ਵੀ ਅਸਰ ਕਰੇਗੀ ਜੋ ਇਸ ਰੇਟ ਤੋਂ ਖੁਸ਼ ਹਨ।

**ਮੈਨੂੰ ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਹੋ ਸਕਦੀ ਹੈ?**

ਜੇ ਤੁਹਾਨੂੰ ਸਾਹਇਤਾ ਜਾਂ ਸਲਾਹ ਦੀ ਲੋੜ ਹੈ ਤਾਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ ਜੀ। (ਤੁਸੀਂ ਆਪਣੀ ਲੋਕਲ ਕੌਂਸਲ ਦਾ ਨਾਮ ਆਪਣੇ ਕੌਂਸਲ ਟੈਕਸ ਬਿੱਲ ਤੇ ਦੇਖ ਸਕਦੇ ਹੋ।)

ਤੁਸੀਂ ਹੇਠ ਲਿਖੀਆਂ ਵੈਬਸਾਈਟਾਂ ਤੋਂ ਵੀ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

**www.dwp.gov.uk** – ਡਿਪਾਰਟਮੈਂਟ ਫੋਰ ਵਰਕ ਐਂਡ ਪੈਨਸ਼ਨਜ

**www.therentservice.gov.uk** – ਦਿ ਰੈਂਟ ਸਰਵਿਸ

**www.adviceguide.org.uk** – ਸਿਟੀਜ਼ਨਜ ਐਡਵਾਈਸ

**ਸੁਤੰਤਰ ਸਲਾਹ**

ਜੇ ਤੁਸੀਂ ਸੁਤੰਤਰ ਸਲਾਹ ਪ੍ਰਾਪਤ ਕਰਨੀ ਚਾਹੁੰਦੇ ਹੋ ਤਾਂ ਆਪਣੇ ਲੋਕਲ ਸਿਟੀਜ਼ਨਜ ਐਡਵਾਈਸ ਬਿਊਰੋ ਨਾਲ ਸੰਪਰਕ ਕਰੋ ਜੀ। ਤੁਸੀਂ ਉਹਨਾਂ ਦਾ (ਅਤੇ ਹੋਰ ਲੋਕਲ ਐਡਵਾਈਸ ਏਜੰਸੀਆਂ ਦੇ) ਫੋਨ ਨੰਬਰ ਫੋਨ ਬੁੱਕ ਵਿਚੋਂ ਅਤੇ ਆਪਣੀ ਲੋਕਲ ਲਾਇਬ੍ਰੇਰੀ ਤੋਂ ਜਾਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰਕੇ ਪਤਾ ਕਰ ਸਕਦੇ ਹੋ।

**ਦੂਸਰੇ ਰੂਪ**

ਤੁਸੀਂ ਇਸ ਕਿਤਾਬਚੇ ਵਿਚਲੀ ਜਾਣਕਾਰੀ ਵੱਡੇ ਅੱਖਰਾਂ, ਬ੍ਰੇਅਲ, ਅਵਾਜ਼ ਦੇ ਰੂਪ ਵਿਚ ਅਤੇ ਦੂਸਰੀਆਂ ਭਾਸ਼ਾਵਾਂ ਵਿਚ ਪ੍ਰਾਪਤ ਕਰ ਸਕਦੇ ਹੋ। ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ www.benefit-leaflets.org ਦੇਖੋ ਜੀ।